# ਸ਼ੇਖ ਫ਼ਰੀਦ - ਸਬਦ ੪੨

## ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੯

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥੩੮॥

ਸਾਰ: "ਪਹਿਰ" ਸ਼ਬਦ ਸੰਸਕ੍ਰਿਤ ਮੂਲ ਦਾ ਹੈ ਜੋ ਨਿਗਰਾਨੀ ਰੱਖਣ ਜਾਂ ਸੁਚੇਤ ਰਹਿਣ ਦੇ ਸਮੇਂ ਨੂੰ ਦਰਸਾਉਂਦਾ ਹੈ, ਜੋ ਜਾਗਦੇ ਰਹਿਣ ਦੀ ਅਵਧਾਰਨਾ ਦਾ ਪ੍ਰਤੀਨਿਧ ਹੈ। ਰਵਾਇਤੀ ਤੌਰ 'ਤੇ, ਇੱਕ ਦਿਨ ਨੂੰ ਅੱਠ "ਪਹਿਰ" ਵਿਚ ਵੰਡਿਆ ਜਾਂਦਾ ਹੈ, ਜੋ ਤਿੰਨ ਘੰਟੇ ਦਾ ਹੁੰਦਾ ਹੈ, ਚਾਰ ਦਿਨ ਵੇਲੇ ਅਤੇ ਚਾਰ ਰਾਤ ਨੂੰ। ਪ੍ਰਤੀਕਾਤਮਕ ਤੌਰ 'ਤੇ, ਹਰੇਕ "ਪਹਿਰ" ਸਾਡੇ ਇਰਾਦਿਆਂ ਬਾਰੇ ਜਾਗਰੂਕਤਾ ਭਰੇ ਸਮੇਂ ਨੂੰ ਦਰਸਾਉਂਦਾ ਹੈ। ਦਿਨ ਦੇ ਚਾਰ "ਪਹਿਰ" ਸੁਚੇਤ ਜੀਵਨ ਜੀਉਣ ਨੂੰ ਉਤਸ਼ਾਹਿਤ ਕਰਦੇ ਹਨ। ਜਦੋਂ ਕਿ ਰਾਤ ਦਾ "ਪਹਿਰ" ਨਾ ਸਿਰਫ਼ ਬੀਤੇ ਸਮੇਂ ਬਾਰੇ ਬਲਕਿ ਬਚਪਨ, ਜਵਾਨੀ, ਅੱਧਖੜ ਅਤੇ ਬੁਢਾਪੇ ਦੇ ਪੜਾਵਾਂ ਵਿਚੋਂ ਜੀਵਨ ਯਾਤਰਾ 'ਤੇ ਵਿਚਾਰ ਕਰਨ ਦੀ ਤਾਕੀਦ ਕਰਦਾ ਹੈ। "ਪਹਿਰ" ਵਿਕਾਰਾਂ, ਹਉਮੈ, ਮੋਹ ਅਤੇ ਭਟਕਣ ਰੂਪੀ ਚੋਰਾਂ ਤੋਂ ਬਚਣ ਬਾਰੇ ਅਗਾਹ ਕਰਦਾ ਹੈ, ਬਿਲਕੁਲ ਉਸ ਰੂਹਾਨੀ ਪਹਿਰੇਦਾਰ ਵਾਂਗ ਜੋ ਸਾਡੇ ਅੰਤਰੀਵੀ ਸਵੈ ਅਤੇ ਅੰਦਰੂਨੀ ਗੁਣਾਂ ਦੀ ਰੱਖਿਆ ਕਰਦਾ ਹੈ।

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥
ਫਰੀਦ ਕਹਿੰਦੇ ਹਨ ਕਿ ਦਿਨ ਦੇ ਚਾਰ ਪਹਿਰ ਭਟਕਣਾਂ ਵਿਚ ਅਲੋਪ ਹੋ ਜਾਂਦੇ ਹਨ, ਅਤੇ ਰਾਤ ਦੇ ਚਾਰ ਨੀਂਦ ਵਿਚ ਬੀਤ ਜਾਂਦੇ ਹਨ, ਜੋ ਕਿ ਸੰਸਾਰਕ ਭਰਮਾਂ ਅਤੇ ਰੂਹਾਨੀ ਅਣਜਾਣਤਾ ਦੇ ਪਿੱਛੇ ਦੌੜਦਿਆਂ ਜੀਵਨ ਦੇ ਸੁਨਹਿਰੀ ਅਵਸਰਾਂ ਨੂੰ ਗੁਆਉਣ ਦਾ ਪ੍ਰਤੀਕ ਹੈ। ਸਦੀਵੀ ਸਤਾ ਤੁਹਾਡਾ ਲੇਖਾ ਲਵੇਗੀ - ਤੁਸੀਂ ਕਿਹੜੇ ਕਰਮ ਕਰੋਗੇ?

ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥੩੮॥

ਸਾਡੇ ਅੰਦਰਲੀ ਵਿਆਪਕ ਚੇਤਨਾ ਸਾਡੇ ਕਰਮਾਂ ਦਾ ਲੇਖਾ-ਜੋਖਾ ਮੰਗੇਗੀ ਅਤੇ ਇਹ ਸਵਾਲ ਪੁਛੇਗੀ ਕਿ ਤੁਸੀਂ ਇਸ ਸੰਸਾਰ ਵਿੱਚ ਕਿਉਂ ਆਏ ਹੋ? (੩੮)

ਤੱਤ: ਸੇਖ ਫਰੀਦ ਭਾਵਨਾਤਮਿਕ ਤੌਰ ਤੇ ਨਿਰੀਖਣ ਕਰਦੇ ਹਨ ਕਿ ਸਾਡੇ ਦਿਨ ਦੇ ਚਾਰ ਪਹਿਰ ਭਟਕਣਾਂ ਵਿੱਚ ਬਰਬਾਦ ਹੋ ਜਾਂਦੇ ਹਨ, ਅਤੇ ਚਾਰ ਨੀਂਦ ਦੁਆਰਾ ਖੈ ਹੋ ਜਾਂਦੇ ਹਨ। ਇਹ ਹਕੀਕਤ ਇਸ ਤੱਥ ਦੀ ਸਪੱਸ਼ਟ ਯਾਦ ਦਿਵਾਉਂਦੀ ਹੈ ਕਿ ਦੁਨਿਆਵੀ ਭਰਮਾਂ ਅਤੇ ਰੂਹਾਨੀ ਜਾਗਰੂਕਤਾ ਦੀ ਘਾਟ ਵਿਚ ਫਸ ਕੇ, ਅਸੀਂ ਕਿੰਨੀ ਆਸਾਨੀ ਨਾਲ ਜ਼ਿੰਦਗੀ ਦੇ ਕੀਮਤੀ ਅਵਸਰ ਗੁਆ ਸਕਦੇ ਹਾਂ। ਹਰ ਸਾਹ ਸੰਭਾਵਨਾਵਾਂ ਨਾਲ ਭਰਿਆ ਹੁੰਦਾ ਹੈ, ਅਤੇ ਜੀਵਨ ਸੀਮਤ ਹੈ। ਜਦੋਂ ਸਾਨੂੰ ਆਪਣੀਆਂ ਸੱਚਾਈਆਂ ਦਾ ਸਾਹਮਣਾ ਕਰਨਾ ਪਵੇਗਾ ਤਾਂ ਆਪਣੇ ਆਪ ਨੂੰ ਦਿਖਾਉਣ ਲਈ ਸਾਡੇ ਕੋਲ ਕੀ ਹੋਵੇਗਾ? ਇਹ ਸੰਦੇਸ਼ ਸਾਨੂੰ ਸਿਰਫ਼ ਆਪਣੇ ਅਮਲਾਂ ਦੀ ਹੀ ਨਹੀਂ ਸਗੋਂ ਉਸ ਮਕਸਦ ਦੀ ਵੀ ਯਾਦ ਦਿਵਾਉਂਦਾ ਹੈ ਜਿਸ ਲਈ ਅਸੀਂ ਜੀਅ ਰਹੇ ਹਾਂ, ਇਹ ਇਕ ਜਾਗਰੂਕ ਕਰਨ ਵਾਲੀ ਪੁਕਾਰ ਹੈ ਜੋ ਸਾਨੂੰ ਆਪਣੀ ਹੋਂਦ ਦੇ ਗੂੜ੍ਹ ਅਰਥਾਂ ਦਾ ਨਿਰੀਖਣ ਕਰਨ ਦੀ ਚੁਣੌਤੀ ਦਿੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**